ਚਿਲਡਰਨਜ਼ ਹੀਅਰਿੰਗ
ਐਂਡ ਸਪੀਚ ਸੈਂਟਰ
ਆਫ ਬੀ ਸੀ



**ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਨੂੰ ਅਵਾਜ਼ ਦੇਣਾ — ਉਹਨਾਂ ਦੀ ਆਪਣੀ ਅਵਾਜ਼ !**

# ਚਿਲਡਰਨਜ਼ ਹੀਅਰਿੰਗ ਐਂਡ ਸਪੀਚ ਸੈਂਟਰ ਆਫ ਬੀ ਸੀ

## ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਲਈ ਕਲੀਨਿਕਲ ਅਤੇ ਐਜੂਕੇਸ਼ਨਲ ਸੈਂਟਰ

ਚਿਲਡਰਨਜ਼ ਹੀਅਰਿੰਗ ਐਂਡ ਸਪੀਚ ਸੈਂਟਰ ਆਫ ਬੀ ਸੀ, ਸੂਬੇ ਵਲੋਂ ਉੱਚਾ ਸੁਣਨ ਵਾਲੇ ਬੱਚਿਆਂ ਲਈ ਇਕ ਆਜ਼ਾਦ ਖਾਸ ਲੋੜਾਂ ਵਾਲੇ ਸਕੂਲ, ਪ੍ਰੀ-ਸਕੂਲ ਅਤੇ ਡੇਅ ਕੇਅਰ ਦੇ ਤੌਰ ਉੱਤੇ ਪ੍ਰਮਾਣਿਤ (ਤਸਦੀਕਸ਼ੁਦਾ) ਹੈ, ਜੋ ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਲਈ ਬਾਲ ਉਮਰ ਤੋਂ ਲੈ ਕੇ ਪ੍ਰਾਇਮਰੀ ਪੱਧਰ ਦੇ ਸ਼ੁਰੂ ਦੇ ਸਾਲਾਂ ਤੱਕ ਓਰਲ ਡੈੱਫ ਐਜੂਕੇਸ਼ਨ ਲਈ ਪਰਿਵਾਰ ਕੇਂਦਰਿਤ ਪਹੁੰਚ ਮੁਹੱਈਆ ਕਰਦਾ ਹੈ। ਸਾਡੇ ਫਿਰਤੂ ਅਧਿਆਪਕ ਮੈਟਰੋ ਵੈਨਕੂਵਰ ਅਤੇ ਫਰੇਜ਼ਰ ਵੈਲੀ ਦੇ ਆਜ਼ਾਦ (ਇੰਡੀਪੈਂਡਿੰਟ) ਸਕੂਲਾਂ ਵਿਚਲੇ ਬੱਚਿਆਂ ਅਤੇ ਨੌਜਵਾਨਾਂ ਨੂੰ ਵੀ ਸੇਵਾਵਾਂ ਪ੍ਰਦਾਨ ਕਰਦੇ ਹਨ। ਸੂਬੇ ਭਰ ਵਿੱਚ ਅਸੀਂ ਸਲਾਹ ਮਸ਼ਵਰਾ, ਸਿੱਧੀਆਂ ਸੇਵਾਵਾਂ ਅਤੇ ਪਰਿਵਾਰਕ ਸਮਰਥਨ ਮੁਹੱਈਆ ਕਰਦੇ ਹਾਂ।

ਅਸੀਂ ਇੱਥੇ:

- ਬੋਲੇ ਬੱਚਿਆਂ, ਉਹਨਾਂ ਦੇ ਮਾਪਿਆਂ ਅਤੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਉੱਪਰ ਹਾਂ-ਪੱਖੀ ਪ੍ਰਭਾਵ ਪਾਉਣ ਲਈ ਹਾਜ਼ਰ ਹਾਂ।
- ਅਗੇਤੀ ਪਛਾਣ ਅਤੇ ਇਲਾਜ ਵਿੱਚ ਮਦਦ ਕਰਨ ਲਈ ਹਾਜ਼ਰ ਹਾਂ।
- ਉਹਨਾਂ ਨਵਜੰਮੇ ਬੱਚਿਆਂ, ਬਾਲਾਂ, ਛੋਟੇ ਬੱਚਿਆਂ, ਪ੍ਰੀ-ਸਕੂਲ, ਪ੍ਰੀ-ਕਿੰਡਰਗਾਰਟਨ ਅਤੇ ਕਿੰਡਰਗਾਰਟਨ ਤੋਂ ਤੀਜੀ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਇਲਾਜ ਦੀਆਂ ਅਗੇਤੀਆਂ ਸੇਵਾਵਾਂ ਅਤੇ ਵਿਦਿਆ ਦੇਣ ਲਈ ਹਾਜ਼ਰ ਹਾਂ, ਜਿਹੜੇ ਬੱਚੇ ਅਤੇ ਵਿਦਿਆਰਥੀ ਬੋਲੇ ਹੋਣ ਅਤੇ ਜਿਹਨਾਂ ਨੂੰ ਉੱਚਾ ਸੁਣਦਾ ਹੋਵੇ।
- ਆਜ਼ਾਦ ਸਕੂਲਾਂ ਵਿੱਚ ਦਾਖਲ ਕਿੰਡਰਗਾਰਟਨ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਸੇਵਾਵਾਂ ਪੇਸ਼ ਕਰਦੇ ਹਾਂ।
- ਬੱਚਿਆਂ ਨੂੰ ਸੁਣਨ ਅਤੇ ਬੋਲਣ ਦੀਆਂ ਜਾਚਾਂ ਸਿਖਾਉਂਦੇ ਹਾਂ।
- ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਲਈ ਬੋਲੀ ਜਾਂਦੀ ਭਾਸ਼ਾ ਦਾ ਵਾਤਾਵਰਣ ਮੁਹੱਈਆ ਕਰਦੇ ਹਾਂ।
- ਪ੍ਰੋਫੈਸ਼ਨਲ ਵਿਕਾਸ ਰਾਹੀਂ ਬੋਲਿਆਂ ਦੀ ਵਿਦਿਆ ਵਿੱਚ ਮੂਹਰੀ ਰੋਲ ਕਾਇਮ ਰੱਖਦੇ ਹਾਂ।
- ਪਰਿਵਾਰਾਂ ਨਾਲ ਉਹਨਾਂ ਦੇ ਬੱਚੇ ਦੇ ਵਿਕਾਸ ਲਈ ਸਾਂਝੀਦਾਰਾਂ ਵਾਂਗ ਕੰਮ ਕਰਦੇ ਹਾਂ।
- ਉਹਨਾਂ ਦੇ ਬੱਚੇ ਦੀ ਵਿਦਿਆਂ ਵਿੱਚ ਪਰਿਵਾਰਾਂ ਨੂੰ ਮੁੱਖ ਰੋਲ ਪੇਸ਼ ਕਰਦੇ ਹਾਂ।
- ਸਥਾਨਕ, ਸੂਬਾਈ ਅਤੇ ਕੌਮੀ ਪੱਧਰ ਉੱਪਰ ਸਮਰਥਨ ਦਿੰਦੇ ਹਾਂ।
- ਸੰਚਾਰ ਦੀਆਂ ਲੋੜਾਂ ਅਤੇ ਤਕਨੌਲੋਜੀ ਵਿੱਚ ਵਿਅਕਤੀਗਤ ਚੋਣਾਂ ਦਾ ਸਮਰਥਨ ਕਰਦੇ ਹਾਂ।

## ਅਸੀਂ ਹੇਠ ਲਿਖੇ ਪ੍ਰੋਗਰਾਮ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ:

- ਨਵਜੰਮਿਆਂ, ਬਾਲਾਂ ਅਤੇ ਛੋਟੇ ਬੱਚਿਆਂ ਲਈ ਤਸਦੀਕਸ਼ੁਦਾ ਆਡਿਟਰੀ-ਵਰਬਲ ਥੈਰੇਪੀ।
- ਛੋਟੀਆਂ ਕਲਾਸਾਂ ਵਿੱਚ ਪੜ੍ਹਾਈ।
- ਪ੍ਰੀ-ਸਕੂਲ ਅਤੇ ਪ੍ਰੀ-ਕਿੰਡਰਗਾਰਟਨ ਦੇ ਪ੍ਰੋਗਰਾਮ (ਉਮਰ 3-5 ਵਿਚਕਾਰ)।
- ਐਲੀਮੈਂਟਰੀ ਸਕੂਲ (ਕਿੰਡਰਗਾਰਟਨ - ਗਰੇਡ 3)।
- ਹੀਅਰਿੰਗ ਏਡ ਅਤੇ ਕੋਕਲੀਅਰ ਇੰਪਲਾਂਟ ਸੇਵਾਵਾਂ ਸਮੇਤ ਔਨ ਸਾਈਟ ਪੀਡੀਐਟਰਿਕ ਆਡਿਓਲੌਜੀ।
- ਹਰ ਇਕ ਬੱਚੇ ਲਈ ਵਿਦਿਆ ਦੀਆਂ ਵਿਅਕਤੀਗਤ ਯੋਜਨਾਵਾਂ।
- ਆਫ-ਸਾਈਟ ਟੀਚਿੰਗ ਸੇਵਾਵਾਂ - ਸਾਡੇ ਅਧਿਆਪਕ ਤੁਹਾਡੇ ਬੱਚੇ ਦੇ ਆਜ਼ਾਦ (ਇੰਡੀਪੈਂਡਿੰਟ) ਸਕੂਲ ਵਿਖੇ ਆ ਸਕਦੇ ਹਨ।
- ਸਕੂਲ ਤੋਂ ਪਹਿਲਾਂ ਅਤੇ ਬਾਅਦ ਲਈ ਸੰਭਾਲ।
- 3 ਹਫਤਿਆਂ ਦਾ ਸਮਰ ਪ੍ਰੋਗਰਾਮ।
- ਅਨੁਵਾਦ ਅਤੇ ਦੁਭਾਸ਼ੀਏ ਦੀਆਂ ਸੇਵਾਵਾਂ।
- ਮਾਪਿਆਂ ਅਤੇ ਪਰਿਵਾਰਾਂ ਲਈ ਵਸੀਲੇ।
- ਬੀ ਸੀ ਭਰ ਵਿੱਚ ਸੇਵਾਵਾਂ ਜਿਹਨਾਂ ਵਿੱਚ ਪੇਰੈਂਟ ਐਡਵਾਈਜ਼ਰੀ ਸਰਵਿਸਜ਼ (ਸਲਾਹ ਮਸ਼ਵਰਾ, ਸਿੱਧੀਆਂ ਸੇਵਾਵਾਂ, ਪਰਿਵਾਰਕ ਸਮਰਥਨ) ਸ਼ਾਮਲ ਹਨ।

**ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਵਿੱਚ ਸੁਣਨ ਅਤੇ ਬੋਲਣ ਦੀ ਵੱਧ ਤੋਂ ਵੱਧ ਸੰਭਾਵਨਾ ਪੈਦਾ ਕਰਨ ਲਈ ਅਗੇਤੀ ਪਛਾਣ, ਅਗੇਤਾ ਇਲਾਜ ਅਤੇ ਪਰਿਵਾਰ ਕੇਂਦਰਿਤ ਪਹੁੰਚ ਬਹੁਤ ਮਹੱਤਵਪੂਰਨ ਹੈ।**

Children's Hearing & Speech Centre of BC, 3575 Kaslo Street, Vancouver BC ☎ 604-437-0255